# ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੇ (ਲੇਖਕ)ਵੋਟਰਾਂ ਦਾ ਮੰਗ-ਪੱਤਰ

ਪਿਛਲੇ ਕੁਝ ਸਮੇਂ ਤੋਂ ਅਕੈਡਮੀ ਦੇ ਕੰਮ ਕਰਨ ਦੇ ਢੰਗ ਤਰੀਕਿਆਂ ਬਾਰੇ ਗੰਭੀਰ ਪ੍ਰਸ਼ਨ ਉੱਠਦੇ ਰਹੇ ਹਨ। ਸਮੇਂ ਦੀ ਲੋੜ, ਅਕੈਡਮੀ ਦੀਆਂ ਨੀਤੀਆਂ ਨੂੰ '**ਸਰਬ ਲੇਖਕ ਪੱਖੀ**' ਅਤੇ ਪ੍ਰਬੰਧਕੀ ਢਾਂਚੇ ਨੂੰ '**ਪਾਰਦਰਸ਼ੀ**' ਬਣਾਉਣ ਦੀ ਹੈ।

ਅਗਲੇ ਪ੍ਰਬੰਧਕੀ ਢਾਂਚੇ ਦੇ ਗਠਨ ਵਿਚ ਗਿਣਵੇਂ ਦਿਨ ਹੀ ਬਾਕੀ ਹਨ। ਵੋਟਰ, ਆਪਣੇ ਭਾਵੀ ਪ੍ਰਬੰਧਕਾਂ ਤੋਂ ਕੀ ਚਾਹੁੰਦਾ ਹੈ, ਇਸ ਦਾ ਜ਼ਿਕਰ ਇਸ ਦਸਤਾਵੇਜ਼ ਵਿਚ ਕੀਤਾ ਗਿਆ ਹੈ।

ਆਉਣ ਵਾਲੀਆਂ ਚੋਣਾਂ ਵਿਚ ਉਹੋ ਉਮੀਦਵਾਰ ਸਾਡੇ ਸਮਰਥਨ ਦੇ ਹੱਕਦਾਰ ਹੋਣਗੇ ਜੋ ਇਹਨਾਂ ਕਾਰਜਾਂ ਨੂੰ ਸਿਰੇ ਚਾੜ੍ਹਨ ਲਈ ਲਿਖਤੀ ਭਰੋਸਾ ਹੀ ਨਹੀਂ ਦੇਣਗੇ, ਸਗੋਂ ਚੁਣੇ ਜਾਣ ਬਾਅਦ ਤਨਦੇਹੀ ਨਾਲ ਅਮਲ ਵੀ ਕਰਨਗੇ।

## ਅਕੈਡਮੀ ਦੇ ਕੰਮ-ਕਾਰ ਬਾਰੇ ਪਾਰਦਰਸ਼ਤਾ

### ੳ. ਆਮਦਨ ਅਤੇ ਖਰਚੇ ਦੀ ਜਾਣਕਾਰੀ

ਹਰ ਤਿਮਾਹੀ ਅਕੈਡਮੀ ਦੀ ਆਮਦਨ-ਖਰਚ ਦੇ ਇਕ ਇਕ ਪੈਸੇ ਦਾ ਹਿਸਾਬ ਵੈਬਸਾਈਟ ਉਤੇ ਪਾਇਆ ਜਾਇਆ ਕਰੇ। ਦਸਤਾਵੇਜ਼ਾਂ ਸਮੇਤ, ਵੇਰਵੇ ਦੀ ਇਕ ਪੜ੍ਹਤ ਲਾਇਬਰੇਰੀ ਵਿਚ ਉਪਲਬਧ ਹੋਵੇ।

### ਅ. ਸਾਹਿਤਕ ਸਰਗਰਮੀਆਂ ਦੀ ਜਾਣਕਾਰੀ

ਹਰ ਤਿਮਾਹੀ, ਅਕੈਡਮੀ ਵੱਲੋਂ ਕੀਤੀਆਂ ਗਈਆਂ ਸਾਹਿਤਕ ਸਰਗਰਮੀਆਂ ਵਿਚ ਸ਼ਾਮਲ ਨਿਮੰਤ੍ਰਿਤ ਵਿਦਵਾਨਾਂ, ਅਹੁਦੇਦਾਰਾਂ, ਮੈਂਬਰਾਂ ਦੇ ਨਾਂ ਅਤੇ ਹੋਏ ਖਰਚੇ ਦੀ ਜਾਣਕਾਰੀ ਵੀ ਵੈੱਬਸਾਈਟ ਉਤੇ ਪਾਈ ਜਾਇਆ ਕਰੇ।

ਇਸੇ ਤਰ੍ਹਾਂ ਅਗਲੀ ਤਿਮਾਹੀ ਵਿਚ ਕੀਤੀਆਂ ਜਾਣ ਵਾਲੀਆਂ ਸਾਹਿਤਕ ਸਰਗਰਮੀਆਂ, ਉਹਨਾਂ ਲਈ ਨਿਮੰਤ੍ਰਿਤ ਵਿਦਵਾਨਾਂ, ਅਹੁਦੇਦਾਰਾਂ, ਮੈਂਬਰਾਂ ਦੇ ਨਾਂ ਅਤੇ ਹੋਣ ਵਾਲੇ ਖਰਚੇ ਦਾ ਅਨੁਮਾਨ ਵੀ ਵੈੱਬਸਾਈਟ ਉਤੇ ਪਾਇਆ ਜਾਵੇ।

### ੲ. ਸੈਮੀਨਾਰ ਹਾਲ ਦੀ ਲੇਖਕਾਂ ਲਈ ਵਰਤੋਂ ਦੀ ਸਹੂਲਤ

ਸਾਹਿਤਕ ਸੰਸਥਾਵਾਂ ਨੂੰ ਨਿਰੋਲ ਸਾਹਿਤਕ ਸਰਗਰਮੀਆਂ ਕਰਨ ਲਈ ਅਕੈਡਮੀ ਦਾ ਸੈਮੀਨਾਰ ਹਾਲ ਸਬੰਧਤ ਸਹੂਲਤਾਂ (ਬਿਜਲੀ, ਮਾਈਕ ਆਦਿ) ਦੇ ਨਾਲ ਮੁਫ਼ਤ ਉਪਲਬਧ ਕਰਵਾਇਆ ਜਾਵੇ। ਸੰਸਥਾਵਾਂ ਨੂੰ ਆਪਣੇ ਕਾਰਡਾਂ ਅਤੇ ਬੈਨਰਾਂ ਉਤੇ '**ਪੰਜਾਬੀ ਸਾਹਿਤ ਅਕੈਡਮੀ ਦੇ ਸਹਿਯੋਗ**' ਅਤੇ ਪ੍ਰਧਾਨਗੀ ਮੰਡਲ ਵਿਚ ਇਕ ਕੁਰਸੀ '**ਅਕੈਡਮੀ ਦੇ ਪ੍ਰਧਾਨ**' ਲਈ ਰਾਖਵੀਂ ਰੱਖਣ ਲਈ ਮਜਬੂਰ ਨਾ ਕੀਤਾ ਜਾਵੇ।

## ਸਾਹਿਤ ਅਕੈਡਮੀ ਪੁਰਸਕਾਰਾਂ ਦੀ ਚੋਣ ਵਿਚ ਸਹਾਇਤਾ

ਸਾਹਿਤ ਅਕੈਡਮੀ, ਨਵੀਂ ਦਿੱਲੀ ਵੱਲੋਂ ਮੂਲ ਅਤੇ ਅਨੁਵਾਦਿਤ ਕਿਤਾਬਾਂ ਨੂੰ ਪ੍ਰਤਿਸ਼ਠਤ ਪੁਰਸਕਾਰ ਦਿੱਤੇ ਜਾਂਦੇ ਹਨ। ਸਾਹਿਤਕਾਰਾਂ ਨੂੰ ਇਹਨਾਂ ਪੁਰਸਕਾਰਾਂ ਦੀ ਚੋਣ ਵਿਧੀ ਬਾਰੇ ਜਾਣੂੰ ਕਰਵਾਉਣ ਲਈ ਸਾਹਿਤ ਅਕੈਡਮੀ ਲੁਧਿਆਣਾ ਵੱਲੋਂ ਇਕ ਕਿਤਾਬਚਾ ਛਾਪਿਆ ਜਾਵੇ। ਮਿਆਰੀ ਪੁਸਤਕਾਂ ਦੀ ਚੋਣ ਯਕੀਨੀ ਬਣਾਉਣ ਲਈ ਸਾਹਿਤ ਅਕੈਡਮੀ ਵੱਲੋਂ ਅਖ਼ਬਾਰਾਂ, ਰਸਾਲਿਆਂ ਅਤੇ ਸਮਾਜਿਕ ਮੀਡੀਆ ਰਾਹੀਂ ਪਾਠਕਾਂ, ਸਾਹਿਤਕਾਰਾਂ, ਆਲੋਚਕਾਂ ਅਤੇ ਚਿੰਤਕਾਂ ਕੋਲੋਂ ਰਾਇ ਲੈਣੀ ਸ਼ੁਰੂ ਕੀਤੀ ਜਾਵੇ। ਉਚਿਤ ਸਮੇਂ ਉਤੇ, ਲੋਕ ਰਾਇ ਦੇ ਆਧਾਰ 'ਤੇ ਬਣੀ ਪੁਸਤਕਾਂ ਦੀ ਸੂਚੀ ਸਾਹਿਤ ਅਕੈਡਮੀ ਦਿੱਲੀ ਦੇ ਉਚ ਅਧਿਕਾਰੀਆਂ ਕੋਲ ਪੁਰਸਕਾਰਾਂ ਦੀ ਚੋਣ ਉਤੇ ਵਿਚਾਰ ਲਈ ਭੇਜੀ ਜਾਵੇ।

ਪੁਸਤਕਾਂ ਦੀ ਚੋਣ ਲਈ ਬਣਦੀਆਂ ਵੱਖ-ਵੱਖ ਕਮੇਟੀਆਂ ਅਤੇ ਨਿਆਂ-ਮੰਡਲਾਂ (Juries) ਲਈ ਨਾਮਜ਼ਦ ਕੀਤੇ ਜਾਂਦੇ ਵਿਦਵਾਨਾਂ ਦੀ ਚੋਣ ਪ੍ਰਣਾਲੀ ਪਾਰਦਰਸ਼ੀ ਅਤੇ ਨਿਰਪੱਖ ਢੰਗ ਨਾਲ ਹੋਵੇ।—ਇਹ ਯਕੀਨੀ ਬਣਾਉਣ ਲਈ ਸਾਹਿਤ ਅਕੈਡਮੀ ਲੁਧਿਆਣਾ ਵੱਲੋਂ ਸਾਹਿਤ ਅਕੈਡਮੀ ਦਿੱਲੀ ਨਾਲ ਲਗਾਤਾਰ ਚਿੱਠੀ ਪੱਤਰ ਕਰਕੇ ਯਤਨ ਕੀਤੇ ਜਾਣ।

## ਐਨ.ਬੀ.ਟੀ., ਸਾਹਿਤ ਅਕੈਡਮੀ, ਨਵੀਂ ਦਿੱਲੀ ਆਦਿ ਵੱਲੋਂ ਮਿਆਰੀ ਪੰਜਾਬੀ ਪੁਸਤਕਾਂ ਦੇ ਅਨੁਵਾਦ ਅਤੇ ਪ੍ਰਕਾਸ਼ਨ ਵਿਚ ਸਹਿਯੋਗ

ਭਾਸ਼ਾ ਵਿਭਾਗ ਪੰਜਾਬ, ਐਨ.ਬੀ.ਟੀ., ਸਾਹਿਤ ਅਕੈਡਮੀ ਨਵੀਂ ਦਿੱਲੀ, ਪੰਜਾਬੀ ਅਕੈਡਮੀ ਅਤੇ ਹੋਰ ਕਈ ਸਰਕਾਰੀ/ਅਰਧ ਸਰਕਾਰੀ ਅਦਾਰਿਆਂ ਦੀ ਮੌਲਿਕ ਮਿਆਰੀ ਪੰਜਾਬੀ ਪੁਸਤਕਾਂ ਦਾ ਪ੍ਰਕਾਸ਼ਨ ਅਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ ਕਰਵਾ ਕੇ ਛਾਪਣਾ ਜ਼ਿੰਮੇਵਾਰੀ ਹੈ। ਪਾਰਦਰਸ਼ੀ ਢੰਗ ਅਪਣਾ ਕੇ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਅਜਿਹੀਆਂ ਪੁਸਤਕਾਂ ਦੀ ਸੂਚੀ ਤਿਆਰ ਕਰਕੇ ਇਹਨਾਂ ਸੰਸਥਾਵਾਂ ਨੂੰ ਪ੍ਰਕਾਸ਼ਨ/ਅਨੁਵਾਦ ਕਰਨ ਲਈ ਸਿਫਾਰਸ਼ ਕਰੇ।

ਵਧੀਆ/ਮਿਆਰੀ ਅਨੁਵਾਦਕਾਂ ਦੇ ਉਪਲਬਧ ਨਾ ਹੋਣ ਦੀ ਸਮੱਸਿਆ ਨੂੰ ਸੁਲਝਾਉਣ ਲਈ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਆਪਣੇ ਯਤਨਾਂ ਰਾਹੀਂ ਮਿਆਰੀ ਵਿਦਵਾਨਾਂ, ਅਨੁਵਾਦਕਾਂ ਦੀ ਸੂਚੀ ਤਿਆਰ ਕਰਨ ਵਿਚ ਸਹਾਇਤਾ ਕਰੇ।

ਸਾਹਿਤ ਅਕੈਡਮੀ ਪੁਰਸਕਾਰ ਨਾਲ ਸਨਮਾਨਿਤ ਪੰਜਾਬੀ ਪੁਸਤਕਾਂ ਅੱਧੀ ਸਦੀ ਦੇ ਬੀਤ ਜਾਣ ਬਾਅਦ ਵੀ ਸਾਰੀਆਂ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ ਹੋਣ ਤੋਂ ਵਾਂਝੀਆਂ ਹਨ। ਇਹਨਾਂ ਪੁਸਤਕਾਂ ਤੋਂ ਇਲਾਵਾ ਨਿਯਮਾਂ ਅਨੁਸਾਰ ਅਨੁਵਾਦ ਹੋਣ ਲਈ ਹੋਰ ਪੰਜਾਬੀ ਪੁਸਤਕਾਂ ਛੇਤੀ ਤੋਂ ਛੇਤੀ ਹੋਰ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ ਕਰਵਾ ਕੇ ਪ੍ਰਕਾਸ਼ਿਤ ਕਰਵਾਉਣ ਲਈ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਵੱਲੋਂ ਲਗਾਤਾਰ ਚਿੱਠੀ ਪੱਤਰ ਕਰਕੇ ਦਬਾ ਬਣਾਇਆ ਜਾਵੇ।

## ਸਰਕਾਰੀ ਸਮਾਗਮਾਂ ਵਿਚ, ਸਮਰੱਥਾ ਅਨੁਸਾਰ ਸਾਹਿਤਕਾਰਾਂ ਦੀ ਸ਼ਮੂਲੀਅਤ ਯਕੀਨੀ ਬਣਾਉਣਾ

ਸਾਹਿਤ ਅਕੈਡਮੀ ਦਿੱਲੀ, ਐਨ.ਬੀ.ਟੀ., ਭਾਸ਼ਾ ਵਿਭਾਗ ਪੰਜਾਬ, ਅਕਾਸ਼ਬਾਣੀ, ਦੂਰਦਰਸ਼ਨ, ਪੰਜਾਬੀ ਭਾਸ਼ਾ ਤੇ ਸਾਹਿਤ ਲਈ ਕਾਰਜਸ਼ੀਲ ਯੂਨੀਵਰਸਿਟੀਆਂ ਅਤੇ ਪੰਜਾਬ ਤੋਂ ਇਲਾਵਾ ਪੰਜਾਬੀ ਭਾਸ਼ਾ ਤੇ ਸਾਹਿਤ ਲਈ ਕੰਮ ਕਰ ਰਹੇ ਅਦਾਰੇ ਜਾਂ ਅਕਾਦਮੀਆਂ ਨੂੰ ਪੰਜਾਬੀ ਲੇਖਕਾਂ ਨੂੰ ਨਿਮੰਤ੍ਰਿਤ ਕਰਨ, ਕਵੀ ਦਰਬਾਰਾਂ ਵਿਚ ਸੱਦਾ ਪੱਤਰ ਭੇਜਣ, ਖੋਜ-ਪੱਤਰ ਲਿਖਵਾਉਣ ਅਤੇ ਹੋਰ ਅਜਿਹੇ ਕੰਮਾਂ ਵਿਚ ਲੇਖਕਾਂ ਦੀ ਸਰਗਰਮ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਲਈ ਨਿਰਪੱਖ ਤੇ ਪਾਰਦਰਸ਼ੀ ਵਿਧੀ ਅਪਣਾਉਣ ਲਈ ਲੋੜੀਂਦੇ ਕਦਮ ਚੁੱਕੇ ਜਾਣ ਤਾਂ ਜੋ ਸਭ ਲੇਖਕਾਂ ਨੂੰ ਇਹਨਾਂ ਸਮਾਗਮਾਂ ਵਿਚ ਬਣਦੀ ਭੂਮਿਕਾ ਨਿਭਾਉਣ ਦਾ ਮੌਕਾ ਮਿਲ ਸਕੇ।

## ਪੁਸਤਕ ਸਭਿਆਚਾਰ ਉਸਾਰਨ ਲਈ ਲਾਇਬ੍ਰੇਰੀਆਂ ਦੀ ਸਥਾਪਨਾ ਲਈ ਯਤਨ

ਹਰ ਪਿੰਡ, ਕਸਬੇ ਜਾਂ ਸ਼ਹਿਰ, ਬਲਾਕ, ਜ਼ਿਲ੍ਹਾ ਅਤੇ ਰਾਜ ਪੱਧਰ ਉਤੇ ਲਾਇਬ੍ਰੇਰੀਆਂ ਦੀ ਸਥਾਪਨਾ ਲਈ ਸਰਕਾਰ ’ਤੇ ਦਬਾ ਪਾਇਆ ਜਾਵੇ। ਪੰਜਾਬ ਵਿਚ ਵੀ ਲਾਇਬ੍ਰੇਰੀ ਐਕਟ, ਜੋ ਲੰਬੇ ਸਮੇਂ ਤੋਂ ਸਰਕਾਰ ਦੇ ਵਿਚਾਰ ਅਧੀਨ ਹੈ, ਬਣਾਉਣ ਲਈ ਪੰਜਾਬ ਸਰਕਾਰ ਨਾਲ ਲਗਾਤਾਰ ਚਿੱਠੀ-ਪੱਤਰ ਕੀਤਾ ਜਾਵੇ।

## ਡਾ.ਐੱਸ.ਤਰਸੇਮ, ਮਿੱਤਰ ਸੈਨ ਮੀਤ, ਕਰਮਜੀਤ ਸਿੰਘ ਔਜਲਾ, ਡਾ.ਸੁਰਿੰਦਰ ਕੁਮਾਰ ਦਵੇਸ਼ਵਰ, ਸੂਫ਼ੀ ਅਮਰਜੀਤ, ਡਾ.ਭੀਮ ਇੰਦਰ ਸਿੰਘ